ਪ੍ਰਾਇਮਰੀ ਸਕੂਲ ਵਲੋਂ ਬੱਚੇ ਦਾ ਨਤੀਜਾ ਤਿਆਰ ਕਰਨ ਲਈ ਤੈ ਕੀਤੇ ਗਏ ਮਿਆਰ

Advance (ਸਭ ਤੋਂ ਉੱਪਰ ) ਬੱਚਾ ਹਮੇਸ਼ਾ ਅਧਿਆਪਕ ਵਲੋਂ ਦਿੱਤਾ ਗਿਆ ਕੰਮ ਪੂਰਾ ਕਰਦਾ ਹੈ ਅਤੇ ਇਸ ਕੰਮ ਨੂੰ ਕਰਨ ਲਈ ਉਹ ਅਧਿਆਪਕ ਵਲੋਂ ਦਿਤੀ ਗਈ ਜਾਣਕਾਰੀ ਜਾਂ ਫਿਰ ਆਪਣੇ ਆਪ ਹਾਸਿਲ ਕੀਤੀ ਜਾਣਕਾਰੀ ਦਾ ਇਸਤੇਮਾਲ ਕਰਦਾ ਹੈ। ਬੱਚਾ ਇੱਕਲਾ ਆਪਣੇ ਆਪ ਆਪਣਾ ਕੰਮ ਕਰਦਾ ਹੈ ਅਤੇ ਲਗਾਤਾਰ ਕਰਦਾ ਹੈ।

ਇੰਟਰਮੇਡੀਅਤ ਲੈਵਲ (ਦਰਮਿਆਨਾ ਲੈਵਲ ) ਇਸ ਲੈਵਲ ਵਿਚ ਬੱਚਾ ਅਧਿਆਪਕ ਦੁਆਰਾ ਦਿੱਤੀ ਗਈ ਜਾਣਕਾਰੀ ਜਾਂ ਸੇਧ ਵਿਚ ਆਪਣਾ ਕੰਮ ਪੂਰਾ ਕਰਦਾ ਹੈ ਅਤੇ ਲਗਾਤਾਰ ਕਰਦਾ ਹੈ। ਅਤੇ ਕਈ ਵਾਰ ਕਈ ਹਾਲਾਤਾਂ ਵਿਚ ਬੱਚਾ ਅਧਿਆਪਕ ਦੁਆਰਾ ਦਿੱਤੀ ਜਾਣਕਾਰੀ ਮੁਤਾਬਕ ਜਾਂ ਫਿਰ ਜੋ ਜਾਣਕਾਰੀ ਉਸ ਨੇ ਖੁਦ ਹਾਸਿਲ ਕੀਤੀ ਹੈ ਉਸ ਅਨੁਸਾਰ ਕੰਮ ਕਰਨ ਦੀ ਕੋਸ਼ਿਸ਼ ਕਰਦਾ ਹੈ ਹਾਲਾਂ ਕੇ ਇਹ ਕੋਸ਼ਿਸ਼ ਲਗਾਤਾਰ ਨਹੀਂ ਹੁੰਦੀ ਅਤੇ ਇਸ ਵਿੱਚ ਬੱਚੇ ਨੂੰ ਅਧਿਆਪਕ ਦੀ ਮਦਦ ਦੀ ਜਰੂਰਤ ਪੈਂਦੀ ਹੈ।

ਬੇਸਿਕ ਲੈਵਲ :- ਬੱਚਾ ਸਿਰਫ ਅਧਿਆਪਕ ਵਲੋਂ ਦਿੱਤੀ ਗਈ ਮਦਦ ਅਤੇ ਜਾਣਕਾਰੀ ਨਾਲ ਹੀ ਕੰਮ ਕਰਦਾ ਹੈ ਕਿਉਂ ਕੇ ਜੇ ਬੱਚਾ ਇੱਕਲਾ ਕੰਮ ਕਰਦਾ ਹੈ ਤਾਂ ਲਗਾਤਾਰ ਨਹੀਂ ਕਰਦਾ ਅਤੇ ਜੇ ਉਹ ਲਗਾਤਾਰ ਕੰਮ ਕਰਦਾ ਹੈ ਉਸ ਵਿਚ ਅਧਿਆਪਕ ਨੂੰ ਉਸਦੀ ਮਦਦ ਕਰਨੀ ਪੈਂਦੀ ਹੈ।

ਸ਼ੁਰੂਆਤ ਵਿੱਚ:- ਬੱਚਾ ਆਪਣਾ ਕੰਮ ਸਿਰਫ ਅਧਿਆਪਕ ਦੀ ਮਦਦ ਨਾਲ ਅਤੇ ਉਸ ਦੁਆਰਾ ਦਿੱਤੀ ਗਈ ਜਾਣਕਾਰੀ ਨਾਲ ਹੀ ਕਰ ਸਕਦਾ ਹੈ।

ਬੱਚਾ ਕਿਸ ਲੈਵਲ ਤੇ ਪਹੁੰਚ ਗਿਆ ਇਹ ਇਸ ਤਰਾਂ ਤੈ ਕੀਤਾ ਜਾਂਦਾ ਹੈ :-

A ) ਬੱਚਾ ਅਧਿਆਪਕ ਵਲੋਂ ਨਿਰਧਾਰਿਤ ਕੀਤੇ ਗਏ ਇਕ ਮਕਸਦ ਨੂੰ ਇੱਕਲਾ ਆਪਣੇ ਆਪ ਬਿਨਾ ਕਿਸੇ ਦੀ ਮਦਦ ਦੇ ਪੂਰਾ ਕਰ ਸਕਦਾ ਹੈ। ਜਦੋ ਬੱਚਾ ਇਹ ਜਾਹਿਰ ਕਰਦਾ ਹੈ ਕੇ ਉਹ ਅਧਿਆਪਕ ਦੁਆਰਾ ਦਿਤੇ ਗਏ ਕੰਮ ਨੂੰ ਆਪਣੇ ਆਪ ਸਮਝ ਕੇ ਪੂਰਾ ਕਰਦਾ ਹੈ।

B ) ਕਈ ਇਹੋ ਜਿਹੇ ਹਾਲਾਤ ਜਾਂ ਕੋਈ ਅਕਟਿਵਿਟੀਜ਼ ਜਾਂ ਸਕੂਲ ਦਾ ਕੰਮ ਜੋ ਕੇ ਘਰ ਤੋਂ ਕਰਨ ਲਈ ਦਿੱਤਾ ਗਿਆ ਹੈ ਜਿਸ ਨੂੰ ਕੇ ਕਲਾਸ ਵਿੱਚ ਵਾਰ -ਵਾਰ ਦੋਹਰਾਇਆ ਗਿਆ ਹੈ ਜਾਂ ਫਿਰ ਕੋਈ ਨਵੀਂ ਐਕਟੀਵਿਟੀ ਜਾਂ ਨਵਾਂ ਕੋਈ ਵੀ ਕੰਮ ਜੋ ਕੇ ਬੱਚੇ ਨੇ ਪਹਿਲੀ ਵਾਰ ਕਰਨਾ ਹੈ ਅਤੇ ਅਧਿਆਪਕ ਨੇ ਇਸ ਬਾਰੇ ਕੋਈ ਜਿਆਦਾ ਜਾਣਕਾਰੀ ਨਹੀਂ ਦਿੱਤੀ। ਅਧਿਆਪਕ ਨੇ ਇਹ ਦੇਖਣਾ ਹੈ ਕੇ ਬੱਚਾ ਇਹ ਕਰ ਸਕਦਾ ਹੈ।

C ) ਜੋ ਵੀ ਜਾਣਕਾਰੀ ਜਾਂ ਕੋਈ ਵੀ ਹਿਦਾਯਤ ਜੋ ਬੱਚੇ ਨੂੰ ਅਧਿਆਪਕ ਦੁਆਰਾ ਦਿਤੀ ਗਈ ਹੈ ਜਾਂ ਫਿਰ ਬੱਚੇ ਨੇ ਆਪਣੇ ਆਪ ਹਾਸਿਲ ਕੀਤੀ ਹੈ ਕਿ ਬੱਚਾ ਉਸ ਦਾ ਸਹੀ ਇਸਤੇਮਾਲ ਕਰਕੇ ਅਧਿਆਪਕ ਦੁਆਰਾ ਦਿਤੇ ਕੰਮ ਨੂੰ ਕਰ ਸਕਦਾ ਹੈ। ਅਤੇ ਕਿ ਉਹ ਇਨ੍ਹਾਂ ਸਾਰੀਆਂ ਹਿਦਾਇਤਾਂ ਨੂੰ ਸਮਝਦਾ ਹੈ।

D ) ਬੱਚਾ ਜਦੋਂ ਅਧਿਆਪਕ ਵਲੋਂ ਦਿਤੀ ਗਈ ਜਾਣਕਾਰੀ ਜਾਂ ਹਿਦਾਯਤ ਨੂੰ ਸਮਝ ਕੇ ਉਸ ਨੂੰ ਯਾਦ ਰੱਖਦਾ ਹੈ ਅਤੇ ਜਰੂਰਤ ਪੈਣ ਤੇ ਉਸਦਾ ਇਸਤੇਮਾਲ ਕਰਦਾ ਹੈ। ਜਾਂ ਫਿਰ ਦੁਆਰਾ ਕਦੇ ਇਸਦਾ ਇਸਤੇਮਾਲ ਨਹੀਂ ਕਰਦਾ ਜਾਂ ਬਹੁਤ ਘੱਟ ਕਰਦਾ ਹੈ।

Traduzione realizzata da ProgettAzione Cooperativa Sociale